# बचियां दे दुखड़े भारे

ਬੱਚਿਆਂ ਦੇ ਦੁੱਖੜੇ ਭਾਰੇ, ਜਾਂਦੇ ਨਾ ਕਦੇ ਸਹਾਰੇ ॥
ਏਹੋ ਦੁੱਖ, ਮਾਪਿਆਂ ਨੂੰ ਮਾਰਦਾ ਵੇ ਰਤਨੋ, ਰੋ ਰੋ ਕੁਰਲਾਵੇ,,,
ਭੁੱਲ ਗਿਆ ਚੇਤਾ ਮਾਂ ਦੇ, ਪਿਆਰ ਦਾ ਵੇ ਰਤਨੋ, ਰੋ ਰੋ ਕੁਰਲਾਵੇ ॥

^ਯਾਦ ਹੈ ਆਉਂਦੇ ਕੌਤਕ, ਕੀਤੇ ਕਮਾਲ ਵੇ ॥
^ਛੱਡ ਕੇ ਤੂੰ ਤੁਰ ਗਿਆ ਬੱਚਾ, ਲੈ ਚੱਲ ਨਾਲ ਵੇ ॥
ਜਿੱਥੇ ਬੈਠਾ, ਆਪ ਗਊਆਂ ਚਾਰਦਾ ਵੇ ਰਤਨੋ, ਰੋ ਰੋ ਕੁਰਲਾਵੇ,,,
ਭੁੱਲ ਗਿਆ ਚੇਤਾ ਮਾਂ ਦੇ, ਪਿਆਰ ਦਾ ਵੇ ਰਤਨੋ, ਰੋ ਰੋ ਕੁਰਲਾਵੇ ॥

^ਅੱਖੀਆਂ 'ਚੋਂ ਦਿੱਸਦਾ ਨਹੀਂਓਂ, ਰਾਹ ਕੋਈ ਬੰਨ੍ਹਾਂ ਵੇ ॥
^ਬੱਦਲਾਂ ਦੇ ਓਹਲੇ ਹੋ ਗਿਆ, ਪੁੰਨਿਆਂ ਦਿਆਂ ਚੰਨਾਂ ਵੇ ॥
ਵੇਖ ਲੈ, ਹਨ੍ਹੇਰਾ ਵਾਜ਼ਾਂ ਮਾਰਦਾ ਵੇ ਰਤਨੋ, ਰੋ ਰੋ ਕੁਰਲਾਵੇ,,,
ਭੁੱਲ ਗਿਆ ਚੇਤਾ ਮਾਂ ਦੇ, ਪਿਆਰ ਦਾ ਵੇ ਰਤਨੋ, ਰੋ ਰੋ ਕੁਰਲਾਵੇ ॥

^ਦਿਲ ਦੀਆਂ ਦਿਲ ਵਿੱਚ ਰਹੀਆਂ, ਕਿਸੇ ਨੂੰ ਜਾ ਨਾ ਕਹੀਆਂ ॥
^ਪੁੱਛਦੇ ਨੇ ਲੋਕੀਂ ਮੈਨੂੰ, ਤਾਹਨੇ ਪਏ ਮਾਰਨ ਸਈਆਂ ॥
ਤੋੜ ਗਿਆ, ਦਿਲ ਜੱਗ ਤਾਰਦਾ ਵੇ ਰਤਨੋ, ਰੋ ਰੋ ਕੁਰਲਾਵੇ,,,
ਭੁੱਲ ਗਿਆ ਚੇਤਾ ਮਾਂ ਦੇ, ਪਿਆਰ ਦਾ ਵੇ ਰਤਨੋ, ਰੋ ਰੋ ਕੁਰਲਾਵੇ ॥

ਅਪਲੋਡਰ- ਅਨਿਲਰਾਮੂਰਤੀਭੋਪਾਲ

https://bhajanganga.com/bhajan/lyrics/id/24822/title/bacheya-de-dukhde-bhaare

अपने Android मोबाइल पर BhajanGanga App डाउनलोड करें और भजनों का आनंद ले |